# ਕੀ ਤੁਸੀਂ ਜਾਣਦੇ ਹੋ?



G20 ਸਮੂਹ 19 ਦੇਸ਼ਾਂ ਤੇ ਯੂਰੋਪੀਅਨ ਯੂਨੀਅਨ ਨਾਲ ਮਿਲ ਕੇ ਬਣਿਆ ਹੈ। ਇਸ ਵਿੱਚ ਸ਼ਾਮਿਲ 19 ਦੇਸ਼ ਅਰਜਨਟੀਨਾ, ਅਸਟ੍ਰੇਲੀਆ, ਬ੍ਰਾਜ਼ੀਲ, ਕਨੇਡਾ, ਚੀਨ, ਫਰਾਂਸ, ਭਾਰਤ, ਇੰਡੋਨੇਸ਼ੀਆ, ਇਟਲੀ, ਜਪਾਨ, ਮੈਕਸੀਕੋ, ਰੂਸ, ਸਾਉਦੀ ਅਰਬ, ਦੱਖਣੀ ਅਫਰੀਕਾ, ਦੱਖਣੀ ਕੋਰੀਆ, ਤੁਰਕੀ, ਇੰਗਲੈਂਡ ਤੇ ਅਮਰੀਕਾ ਹਨ।



G20 ਮੈਂਬਰ ਦੇਸ਼, ਦੁਨੀਆਂ ਦੀ 2/3 ਆਬਾਦੀ ਦੀ ਪ੍ਰਤੀਨਿਧਤਾ ਕਰਦੇ ਹਨ। G20 ਅਜਿਹੇ ਦੇਸ਼ਾਂ ਦਾ ਸਮੂਹ ਹੈ ਜਿੰਨਾਂ ਦੀ ਆਰਥਿਕ ਸਮਰੱਥਾ ਵਿਸ਼ਵ ਦੀ 85 ਪ੍ਰਤੀਸ਼ਤ ਕੁੱਲ ਘਰੇਲੂ ਉਤਪਾਦ ਦੀ ਪ੍ਰਤੀਨਿਧਤਾ ਕਰਦੇ ਹਨ। G20 ਦੇਸ਼ ਵਿਸ਼ਵ ਦੇ 75 ਪ੍ਰਤੀਸ਼ਤ ਵਪਾਰ ਦੀ ਵੀ ਪ੍ਰਤੀਨਿਧਤਾ ਕਰਦੇ ਹਨ।



G20 ਏਜੰਡਾ ਦੋ ਸਮਾਨੰਤਰ ਚੈਨਲਾਂ(ਟਰੈਕ) ਦੂਆਰਾ ਸੰਚਾਲਿਤ ਹੁੰਦਾ ਹੈ ਜਿਹਨਾਂ ਵਿੱਚ ਵਿੱਤੀ ਤੇ ਸ਼ੇਰਪਾ ਟਰੈਕ ਸ਼ਾਮਿਲ ਹਨ।



G20 ਦਾ ਕੋਈ ਸਥਾਈ ਪ੍ਰਧਾਨ ਨਹੀਂ ਸਗੋਂ ਇਸਦੀ ਪ੍ਰਧਾਨਗੀ ਦੀ ਜ਼ਿੰਮੇਵਾਰੀ ਹਰ ਸਾਲ ਅਲੱਗ ਅਲੱਗ ਦੇਸ਼ਾਂ ਨੂੰ ਮਿਲਦੀ ਰਹਿੰਦੀ ਹੈ।



ਭਾਰਤ ਨੂੰ ਪਹਿਲੀ ਵਾਰ 1 ਦਸੰਬਰ 2022 ਤੋਂ 30 ਨਵੰਬਰ 2023 ਤੱਕ G20 ਦੀ ਪ੍ਰਧਾਨਗੀ ਦੀ ਜ਼ਿੰਮੇਵਾਰੀ ਮਿਲੀ ਹੈ।



G20
भारत 2023 INDIA

G20 ਦੀ ਪ੍ਰਧਾਨਗੀ
ਦੌਰਾਨ ਦੇਸ਼ ਵਿੱਚ
200 ਤੋਂ ਵੀ ਵੱਧ
ਬੈਠਕਾਂ ਹੋਣਗੀਆਂ।



G20 ਸਿਖਰ ਸੰਮੇਲਨ
ਨਵੀਂ ਦਿੱਲੀ ਵਿੱਚ
ਹੋਵੇਗਾ ਜਿਸ ਵਿਚ
ਦੁਨੀਆਂ ਭਰ ਦੇ ਨੇਤਾ
ਸਮੂਲੀਅਤ ਕਰਨਗੇ।



ਭਾਰਤ G20 ਦੀਆਂ ਬੈਠਕਾਂ ਤੇ ਸਿਖਰ ਸੰਮੇਲਨ ਲਈ ਬੰਗਲਾਦੇਸ਼, ਮਿਸਰ, ਮੌਰੀਸ਼ਸ, ਨੀਦਰਲੈਂਡ, ਨਾਈਜ਼ੀਰੀਆ, ਓਮਾਨ, ਸਿੰਗਾਪੁਰ ਅਤੇ ਸੰਯੁਕਤ ਅਰਬ ਅਮੀਰਾਤ ਨੂੰ ਮਹਿਮਾਨ ਦੇ ਤੌਰ ਤੇ ਸੱਦਾ ਪੱਤਰ ਭੇਜੇਗਾ।



ਭਾਰਤ ਦੀ G20 ਦੀ ਪ੍ਰਧਾਨਗੀ
ਦੇ ਲੋਗੋ ਵਿੱਚ ਰਾਸ਼ਟਰੀ ਫੁੱਲ
ਕਮਲ ਦੇ ਉੱਪਰ ਧਰਤੀ ਨੂੰ
ਦਰਸਾਇਆ ਗਿਆ ਹੈ, ਜੋ
ਕੁਦਰਤ ਨਾਲ ਸਦਭਾਵਨਾ ਵਿੱਚ
ਰਹਿਣ ਦਾ ਪ੍ਰਤੀਕ ਹੈ।



ਭਾਰਤ ਦੀ G20 ਦੀ ਪ੍ਰਧਾਨਗੀ
ਦਾ ਵਿਸ਼ਾ 'ਵਾਸੂਦੇਵ ਕੁਟੁੰਬਕਮ' ਹੈ
ਜਿਸ ਦਾ ਅਰਥ ਹੈ 'ਇੱਕ ਧਰਤੀ-
ਇੱਕ ਪਰਿਵਾਰ-ਇੱਕ ਭਵਿੱਖ' ਹੈ,
ਜੋ ਕਿ ਮਹਾਉਪਨਿਸ਼ਦ ਵਿੱਚੋਂ
ਲਿਆ ਗਿਆ ਹੈ।



G20 ਦੀ ਪ੍ਰਧਾਨਗੀ ਭਾਰਤ ਦੇ 'ਅੰਮ੍ਰਿਤ ਵੇਲੇ' ਦੀ ਸ਼ੁਰੂਆਤ ਦਾ ਵੀ ਪ੍ਰਤੀਕ ਹੈ। ਇਹ 'ਅੰਮ੍ਰਿਤ ਵੇਲਾ' ਦੇਸ਼ ਦੀ ਆਜ਼ਾਦੀ ਦੀ 75ਵੀਂ ਵਰ੍ਹੇਗੰਡ ਤੋਂ ਸ਼ੁਰੂ ਹੋ ਕੇ, ਆਜ਼ਾਦੀ ਦੇ 100ਵੇਂ ਸਾਲ ਤੱਕ 25 ਸਾਲ ਦੇ ਸਮੇਂ ਤੱਕ ਦਾ ਹੈ।

